# ਦਫਤਰ ਨਗਰ ਨਿਗਮ ਹੁਸ਼ਿਆਰਪੁਰ।
# ਪ੍ਰੈਸ ਨੋਟ

## ਮੁਹੱਲਾ ਟਿੱਬਾ ਸਾਹਿਬ ਵਿਖੇ 14 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਕਮਿਊਨਟੀ ਹਾਲ ਦੇ ਕੰਮ ਦੀ ਮੇਅਰ ਸ਼ਿਵ ਸੂਦ ਅਤੇ ਸੰਤ ਬਾਬਾ ਬਲਵੀਰ ਸਿੰਘ ਨੇ ਦੀ ਕੀਤੀ ਸ਼ੁਰੂਆਤ

## ਵਾਰਡ ਨੰ:23 ਦੇ ਨਿਵਾਸੀਆਂ ਨੂੰ ਜਲਦ ਮਿਲੇਗ ਕਮਿਊਨਟੀ ਹਾਲ

ਹੁਸ਼ਿਆਰਪੁਰ 22 ਦਸੰਬਰ ਵਾਰਡ ਨੰ: 23 ਦੇ ਨਿਵਾਸੀਆ ਨੂੰ ਜਲਦ ਮਿਲੇਗਾ ਕਮਿਊਨਟੀ ਹਾਲ ਇਹ ਜਾਣਕਾਰੀ ਨਗਰ ਨਿਗਮ, ਦੇ ਮੇਅਰ ਸ਼ਿਵ ਸੂਦ ਨੇ ਅੱਜ ਵਾਰਡ ਨੰ: 23 ਦੇ ਮੁੱਹਲਾ ਟਿੱਬਾ ਸਾਹਿਬ ਵਿਖੇ 14 ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੇ ਕਮਿਊਨਟੀ ਹਾਲ ਦੀ ਉਸਾਰੀ ਦੇ ਕੰਮ ਦੀ ਸ਼ੁਰੂਆਤ ਸੰਤ ਬਾਬਾ ਬਲਵੀਰ ਸਿੰਘ ਤੋਂ ਰੀਬਨ ਕੱਟਵਾ ਕੇ ਕਰਨ ਮੋਕੇ ਦਿੱਤੀ। ਉਹਨਾਂ ਦੱਸ਼ਿਆ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ ਸਿੰਘ ਬਾਦਲ ਵੱਲੋਂ ਪਿਛਲੇ ਦਿਨੀ ਕੀਤੇ ਗਏ ਸੰਗਤ ਦੌਰਾਨ ਇਸ ਵਾਰਡ ਦੇ ਨਿਵਾਸੀਆਂ ਵਲੋਂ ਮਾਰਕੀਟ ਕਮੇਟੀ ਚੇਅਰੇਮਨ ਅਤੇ ਕੌਂਸਲਰ ਅਵਤਾਰ ਸਿੰਘ ਜ਼ੋਹਲ ਦੀ ਅਗਵਾਈ ਵਿੱਚ ਕਮਿਊਨਟੀ ਹਾਲ ਦੀ ਮੰਗ ਕੀਤੀ ਸੀ।ਜਿਸ ਲਈ 14 ਲੱਖ ਰੁਪਏ ਮੁੱਖ ਮੰਤਰੀ ਵੱਲੋਂ ਪ੍ਰਾਪਤ ਹੋਏ ਚੁੱਕੇ ਹਨ ਅਤੇ ਕਮਿਊਨਟੀ ਹਾਲ ਦੀ ਉਸਾਰੀ ਦਾ ਕੰਮ ਸੁਰੂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਜਲਦੀ ਹੀ ਮਕੰਮਲ ਕਰ ਲਿਆ ਜਾਵੇਗਾ।

ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲੰਾਂਵਾਲਾ, ਡਿਪਟੀ ਮੇਅਰ ਸੁਕਲਾ ਸਰਮਾ, ਕਾਰਜਕਾਰੀ ਇੰਜੀਨੀਅਰ ਸ਼ਤੀਸ ਸੈਣੀ, ਐਸ.ਡੀ.ਓ ਕੁਲਦੀਪ ਸਿੰਘ, ਮਾਰਕੀਟ ਕਮੇਟੀ ਚੇਅਰੇਮਨ ਅਤੇ ਕੌਂਸਲਰ ਅਵਤਾਰ ਸਿੰਘ ਜ਼ੋਹਲ ,ਚੇਅਰੇਮਨ ਹੁਸ਼ਿਆਰਪੁਰ ਸੈਟਰਲ ਕੋ-ਆਪਰੇਟਿਵ ਬੈਂਕ ਸਤਵਿੰਦਰ ਪਾਲ ਸਿੰਘ ਢੱਟ, ਕੌਂਸਲਰ ਨਰਿੰਦਰ ਸਿੰਘ, ਰੂਪ ਲਾਲ ਥਾਪਰ, ਲਵਲੀ ਸਰਮਾ, ਲਖਵੀਰ ਸਿੰਘ, ਮੋਹਨ ਸਿੰਘ ਕੋਚ, ਬਲਵਿੰਦਰ ਸਿੰਘ,ਹਰਭਗਤ ਸਿੰਘ ਅਤੇ ਮੁਹੱਲਾ ਨਿਵਾਸੀ ਇਸ ਮੌਕੇ ਤੇ ਹਾਜਰ ਸਨ।